ਆਤਮ ਵਿਸ਼ਵਾਸ ਬੰਦੇ ਨੂੰ ਆਪਣੇ ਆਪ `ਤੇ ਪੂਰਨ ਭਰੋਸਾ ਹੋਣਾ ਇਸ ਨੂੰ ਆਤਮ ਵਿਸ਼ਵਾਸ ਕਿਹਾ ਜਾਂਦਾ ਹੈ। ਆਤਮ ਵਿਸ਼ਵਾਸ ਲਈ ਗਿਆਨ ਤੇ ਤਜਰਬੇ ਦਾ ਹੋਣਾ ਜ਼ਰੂਰੀ ਹੈ ਨਹੀਂ ਤਾਂ ਕਈ ਵਾਰੀ ਆਤਮ ਵਿਸ਼ਵਾਸ ਨੁਕਸਾਨ ਦਾ ਕਾਰਨ ਵੀ ਬਣਦਾ ਹੈ। ਆਤਮ ਵਿਸ਼ਵਾਸ ਤੋਂ ਬਿਨਾਂ ਮਨੁੱਖ ਕਦੇ ਵੀ ਤਰੱਕੀ ਦੀਆਂ ਮੰਜ਼ਿਲਾਂ ਨੂੰ ਨਹੀਂ ਛੋਹ ਸਕਦਾ। ਇਸ ਵਿਸ਼ੇ ਨੂੰ ਸਮਝਣ ਲਈ ਆਤਮ ਵਿਸ਼ਵਾਸ ਨੂੰ ਕੁੱਝ ਭਾਗਾਂ ਵਿੱਚ ਵੰਡ ਕੇ ਵਿਚਾਰਨ ਦਾ ਯਤਨ ਕੀਤਾ ਗਿਆ ਹੈ। ਆਤਮ ਵਿਸ਼ਵਾਸ ਕੇ ਅੰਧ ਵਿਸ਼ਵਾਸ ਭਾਈ ਕਾਨ੍ਹ ਸਿੰਘ ਜੀ ਨਾਭਾ ਗੁਰਮਤ ਮਾਰਤੰਡ ਵਿੱਚ ਵਿਸ਼ਵਾਸ ਸਬੰਧੀ ਬਹੁਤ ਪਿਆਰਾ ਖ਼ਿਆਲ ਦੇਂਦੇ ਹੋਏ ਲਿਖਦੇ ਹਨ ਕਿ "ਸ਼ਰਧਾਵਾਨ ਦੇ ਮਨ ਵਿੱਚ ਹੀ ਗੁਰੂ ਉਪਦੇਸ਼ ਦਾ ਦ੍ਰਿੜ ਨਿਵਾਸ ਹੋਂਦਾ ਹੈ ਜਿਸ ਤੋਂ ਆਤਮ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਪਰ ਇਸ ਬਾਤ ਦਾ ਪੂਰਾ ਵਿਚਾਰ ਹੋਣਾ ਚਾਹੀਏ ਕਿ ਸਤਯ ਵਿਸ਼ਵਾਸ ਹੈ ਜਾਂ ਮਿਥਯਾ"।

ਭਾਈ ਸਾਹਿਬ ਜੀ ਅੱਗੇ ਲਿਖਦੇ ਹਨ ਕਿ "ਰੇਤ ਵਿੱਚ ਖੰਡ ਦਾ ਵਿਸ਼ਵਾਸ ਸੂਰਜ ਦੀ ਕਿਰਨ ਨਾਲ ਚਮਕਦੇ ਮਾਰੂਥਲ ਦੀ ਮ੍ਰਿਗ ਤ੍ਰਿਸ਼ਨਾ ਜਲ ਤੋਂ ਪਿਆਸ ਮਿਟਾਣ ਦਾ ਵਿਸ਼ਵਾਸ ਕਿਸੇ ਮੰਤ੍ਰ ਜੰਤ੍ਰ ਤੋਂ ਰੋਗ ਦੀ ਨਿਵਰਤੀ ਅਤੇ ਸੰਤਾਨ ਧਨ ਪ੍ਰਾਪਤੀ ਦਾ ਨਿਸ਼ਚਾ ਮਿਥਯਾ ਵਿਸ਼ਵਾਸ ਹਨ ਜਿਨ੍ਹਾਂ ਤੋਂ ਕਲੇਸ਼ ਅਤੇ ਪਛਤਾਵੇ ਤੋਂ ਛੁਟ ਹੋਰ ਕੋਈ ਫ਼ਲ਼ ਨਹੀਂ। ਅਸਾਡੇ ਬਹੁਤ ਭਾਈ ਮਿਥਯਾ ਵਿਸ਼ਵਾਸ ਕਰਕੇ ਧਨ ਸੰਪਦਾ ਸਰੀਰਕ ਸੁੱਖ ਅਤੇ ਪ੍ਰਮਾਰਥ ਖੋਹ ਬੈਠਦੇ ਹਨ"। ਇਸ ਦੇ ਉਲਟ ਖੰਡ ਵਿਚ ਖੰਡ ਦਾ ਵਿਸ਼ਵਾਸ ਖੂਹ ਨਦੀ ਸਰੋਵਰ ਤੋਂ ਪਿਆਸ ਬੁਝਣ ਦਾ ਵਿਸ਼ਵਾਸ ਔਖਧ ਤੋਂ ਰੋਗ ਦੂਰ ਹੋਣ ਦਾ ਵਿਸ਼ਵਾਸ ਅਤੇ ਬੁੱਧ ਵਿਦਿਆ ਬਲ ਨਾਲ ਧਨ ਦੀ ਪ੍ਰਾਪਤੀ ਦਾ ਵਿਸ਼ਵਾਸ ਸਤਯ ਹਨ"।

ਸਿੱਧੀ ਗੱਲ ਕਿ ਅਜੇਹੇ ਆਤਮ ਵਿਸ਼ਵਾਸ ਦਾ ਕੋਈ ਲਾਭ ਨਹੀਂ ਹੈ ਜਿਸ ਦੁਆਰਾ ਮਾਨਸਕ ਵਿਕਾਸ ਹੀ ਰੁਕ ਜਾਏ। ਮਨੁੱਖ ਅੰਧ ਵਿਸ਼ਵਾਸ ਦੇ ਸਾਏ ਥੱਲੇ ਆਪਣਾ ਆਤਮ ਵਿਸ਼ਵਾਸ ਖੋਹ ਬੈਠਦਾ ਹੈ ਤੇ ਅੰਧ ਵਿਸ਼ਵਾਸ ਨੂੰ ਹੀ ਆਤਮਾ ਵਿਸ਼ਵਾਸ ਕਹੀ ਜਾਂਦਾ। ਬਹੁਤ ਘੱਟ ਧਾਰਮਕ ਅਸਥਾਨਾਂ ਨੂੰ ਛੱਡ ਕੇ ਬਹੁਤੀ ਥਾਈਂ ਧਰਮ ਦੇ ਨਾਂ `ਤੇ ਅੰਧ ਵਿਸ਼ਵਾਸ ਹੀ ਢੋਇਆ ਜਾ ਰਿਹਾ ਹੈ। ਆਤਮ ਵਿਸ਼ਵਾਸ ਲਈ ਗਿਆਨ ਦਾ ਹੋਣਾ ਜ਼ਰੂਰੀ ਗਿਆਨ ਦੀ ਘਾਟ ਕਰਕੇ ਹੀ ਮਨੁੱਖ ਕਬਰਾਂ `ਤੇ ਹੀ ਮੱਥੇ ਟੇਕੀ ਜਾਣ ਨੂੰ ਪਰਮ ਧਰਮ ਸਮਝੀ ਬੈਠਾ ਹੈ। ਵੱਗਦੇ ਦਰਿਆ ਵਿੱਚ ਨਾਰੀਅਲ ਸੁਟਣਾ ਸ਼ਨੀ ਦੇਵਤੇ ਦੇ ਸਰਾਪ ਤੋਂ ਡਰਦਿਆਂ ਸਰੋਂ ਦਾ ਤੇਲ ਚੜ੍ਹਾਈ ਜਾਣਾ ਮੰਗਲਵਾਰ ਨੂੰ ਪੀਲਾ ਪ੍ਰਸ਼ਾਦ ਧਾਰਮਕ ਅਸਥਾਨਾਂ `ਤੇ ਚੜ੍ਹਾਉਣਾ ਆਦਕ ਧਾਰਮਕ ਰਸਮਾਂ ਨਾਲ ਧਰਮ ਦੇ ਨਾਂ ਉੱਤੇ ਜਨ ਸਧਾਰਨ ਆਦਮੀ ਲੁਟਿਆ ਜਾ ਰਿਹਾ ਹੈ।

ਇੱਕ ਵਾਰ ਦੀ ਗੱਲ ਹੈ। ਸਵੇਰੇ ਉੱਠਦਿਆ ਹੀ ਬਾਦਸ਼ਾਹ ਅਕਬਰ ਆਪਣੀ ਦਾੜ੍ਹੀ ਖੁਰਕਦੇ ਹੋਏ ਬੋਲੇ ਕੋਈ ਹੈ? ਤੁਰੰਤ ਇੱਕ ਨੌਕਰ ਹਾਜ਼ਰ ਹੋਇਆ। ਉਸ ਨੂੰ ਦੇਖਦੇ ਹੀ ਬਾਦਸ਼ਾਹ ਬੋਲੇ ਜਾਓ, ਜਲਦੀ ਬੁਲਾ ਕੇ ਲਿਆਓ ਫੌਰਨ ਹਾਜ਼ਰ ਕਰੋ ਨੌਕਰ ਦੀ ਸਮਝ ਵਿੱਚ ਕੁਝ ਨਹੀਂ ਆਇਆ ਕਿ ਕੀਹਨੂੰ ਸੱਦ ਕੇ ਲਿਆਵੇ ਕੀਹਨੂੰ ਹਾਜ਼ਰ ਕਰੇ? ਬਾਦਸ਼ਾਹ ਨੂੰ ਉਲਟਾ ਸਵਾਲ ਕਰਨ ਦੀ ਤਾਂ ਉਸ ਦੀ ਹਿੰਮਤ ਨਹੀਂ ਸੀ। ਉਸ ਨੌਕਰ ਨੇ ਇਹ ਗੱਲ ਦੂਜੇ ਨੌਕਰ ਨੂੰ ਦੱਸੀ। ਦੂਜੇ ਨੇ ਤੀਜੇ ਨੂੰ ਅਤੇ ਤੀਜੇ ਨੇ ਚੌਥੇ ਨੂੰ। ਇਸ ਤਰ੍ਹਾਂ ਸਾਰੇ ਨੌਕਰ ਇਹ ਗੱਲ ਜਾਣ ਗਏ ਅਤੇ ਸਾਰੇ ਇਸੇ ਉਲਝਣ ਵਿੱਚ ਪੈ ਗਏ ਕਿ ਆਖਰ ਕਿਸ ਨੂੰ ਬੁਲਾ ਕੇ ਲਿਆਈਏ?

ਬੀਰਬਲ ਸਵੇਰ ਵੇਲੇ ਸੈਰ ਨੂੰ ਨਿਕਲਿਆ ਸੀ। ਉਸ ਨੇ ਬਾਦਸ਼ਾਹ ਦੇ ਨੌਕਰਾਂ ਨੂੰ ਇਧਰ-ਉਧਰ ਭੱਜਦੇ ਦੇਖਿਆ ਤਾਂ ਸਮਝ ਗਿਆ ਕਿ ਜ਼ਰੂਰ ਬਾਦਸ਼ਾਹ ਨੇ ਕੋਈ ਅਨੋਖਾ ਕੰਮ ਦੱਸ ਦਿੱਤਾ ਹੋਵੇਗਾ, ਜੋ ਇਨ੍ਹਾਂ ਦੀ ਸਮਝ ਤੋਂ ਬਾਹਰ ਹੈ। ਉਸ ਨੇ ਇੱਕ ਨੌਕਰ ਨੂੰ ਬੁਲਾ ਕੇ ਪੁੱਛਿਆ, ‘‘ਕੀ ਗੱਲ ਹੈ? ਇਹ ਭੱਜ-ਦੌੜ ਕਿਸ ਲਈ ਹੋ ਰਹੀ ਹੈ? ’’ਨੌਕਰ ਨੇ ਬੀਰਬਲ ਨੂੰ ਸਾਰੇ ਗੱਲ ਦੱਸੀ, ‘‘ਤੁਸੀਂ ਸਾਡੀ ਰੱਖਿਆ ਕਰੋ। ਅਸੀਂ ਇਸ ਗੱਲ ਨੂੰ ਸਮਝ ਨਹੀਂ ਰਹੇ ਕਿ ਕਿਸ ਨੂੰ ਬੁਲਾਉਣਾ ਹੈ? ਜੇਕਰ ਜਲਦੀ ਨਾ ਬੁਲਾ ਕੇ ਲੈ ਗਏ ਤਾਂ ਸਾਡੀ ਸਾਰਿਆ ਦੀ ਸ਼ਾਮਤ ਆ ਜਾਵੇਗੀ। ’’ਬੀਰਬਲ ਨੇ ਪੁੱਛਿਆ, ‘‘ਇਹ ਦੱਸੋ ਕਿ ਹੁਕਮ ਦਿੰਦੇ ਸਮੇਂ ਬਾਦਸ਼ਾਹ ਕੀ ਕਰ ਰਹੇ ਸਨ? ਇਲ਼ਨਵ, ਸ਼ਐਂਐਊ, ਉਆਭਲ਼ ।

ਬਾਦਸ਼ਾਹ ਦਾ ਨੌਕਰ, ਜਿਸ ਨੂੰ ਹੁਕਮ ਮਿਲਿਆ ਸੀ, ਉਸ ਨੂੰ ਬੀਰਬਲ ਦੇ ਸਾਹਮਣੇ ਹਾਜ਼ਰ ਕੀਤਾ ਗਿਆ ਤਾਂ ਉਸ ਨੇ ਦੱਸਿਆ, ਜਿਸ ਸਮੇਂ ਬਾਦਸ਼ਾਹ ਨੇ ਮੈਨੂੰ ਬੁਲਾਇਆ, ਉਸ ਸਮੇਂ ਤਾਂ ਉਹ ਬਿਸਤਰ ’ਤੇ ਬੈਠੇ ਆਪਣੀ ਦਾੜ੍ਹੀ ਖੁਜਲਾ ਰਹੇ ਸਨ। ਬੀਰਬਲ ਤੁਰੰਤ ਸਾਰੀ ਗੱਲ ਸਮਝ ਗਿਆ ਅਤੇ ਉਸ ਦੇ ਬੁੱਲ੍ਹਾਂ ’ਤੇ ਮੁਸਕਰਾਹਟ ਉੱਭਰ ਆਈ। ਫਿਰ ਉਸ ਨੇ ਉਸ ਨੌਕਰ ਨੂੰ ਕਿਹਾ, ‘‘ਤੂੰ ਹਜ਼ਾਮ (ਨਾਈ) ਨੂੰ ਬਾਦਸ਼ਾਹ ਕੋਲ ਲੈ ਜਾ।’’ ਨੌਕਰ ਹਜ਼ਾਮ ਨੂੰ ਸੱਦ ਲਿਆਇਆ ਅਤੇ ਉਸ ਨੂੰ ਬਾਦਸ਼ਾਹ ਦੇ ਸਾਹਮਣੇ ਹਾਜ਼ਰ ਕਰ ਦਿੱਤਾ। ਬਾਦਸ਼ਾਹ ਸੋਚਣ ਲੱਗਿਆ, ‘‘ਮੈਂ ਇਸ ਨੂੰ ਇਹ ਤਾਂ ਦੱਸਿਆ ਹੀ ਨਹੀਂ ਸੀ ਕਿ ਕੀਹਨੂੰ ਸੱਦ ਕੇ ਲਿਆਉਣਾ ਹੈ, ਫਿਰ ਇਹ ਹਜ਼ਾਮ ਨੂੰ ਕਿਵੇਂ ਲੈ ਕੇ ਆ ਗਿਆ?’’ ਬਾਦਸ਼ਾਹ ਨੇ ਨੌਕਰ ਨੂੰ ਪੁੱਛਿਆ। ਲ਼ੜਘਯ, ਝਅਞਥ, ਊਵਓਖ।

''ਸੱਚ-ਸੱਚ ਦੱਸ, ਹਜ਼ਾਮ ਨੂੰ ਤੂੰ ਆਪਣੇ ਮਨ ਨਾਲ ਲਿਆਇਆ ਏ ਜਾਂ ਕਿਸੇ ਨੇ ਉਸ ਨੂੰ ਲੈ ਕੇ ਆਉਣ ਦਾ ਸੁਝਾ ਦਿੱਤਾ ਸੀ? ''ਨੌਕਰ ਘਬਰਾ ਗਿਆ, ਪਰ ਦੱਸੇ ਬਿਨਾਂ ਵੀ ਛੁਟਕਾਰਾ ਨਹੀਂ ਸੀ। ਉਹ ਬੋਲਿਆ, ''ਜਹਾਂਪਨਾਹ, ਇਹ ਸੁਝਾਅ ਮੈਨੂੰ ਬੀਰਬਲ ਨੇ ਦਿੱਤਾ ਸੀ।'' ਬਾਦਸ਼ਾਹ ਬੀਰਬਲ ਦੀ ਬੁੱਧੀ 'ਤੇ ਬਹੁਤ ਖ਼ੁਸ਼ ਹੋਇਆ। ਜਦ ਅਕਬਰ ਬਾਦਸ਼ਾਹ ਦੇ ਦਰਬਾਰ ਵਿਚ ਬੀਰਬਲ ਦੀ ਸਿਆਣਪ ਦਾ ਸਿੱਕਾ ਚੰਗੀ ਤਰ੍ਹਾਂ ਜੰਮ ਗਿਆ, ਤਾਂ ਕਈ ਦਰਬਾਰੀ ਉਸ ਤੋਂ ਖਾਰ ਖਾਣ ਲੱਗ ਪਏ। ਇਕ ਦਿਨ ਮੁਲਾਂ ਦੋ ਪਿਆਜ਼ਾ ਨੇ ਇਕ ਵਜ਼ੀਰ ਨੂੰ ਸਿਖਾ ਕੇ ਬਾਦਸ਼ਾਹ ਨੂੰ ਅਖਵਾਇਆ – "ਹਜ਼ੂਰ! ਮੁਲਾਂ ਦੋ ਪਿਆਜ਼ਾ ਸਿਆਣਪ ਵਿਚ ਬੀਰਬਲ ਤੋਂ ਕਿਸੇ ਤਰ੍ਹਾਂ ਵੀ ਘਟ ਨਹੀਂ, ਇਸ ਲਈ ਉਸਦਾ ਰੁਤਬਾ ਬੀਰਬਲ ਤੋਂ ਨੀਵਾਂ ਨਹੀਂ ਹੋਣਾ।

ਬਾਦਸ਼ਾਹ ਸਮਝ ਗਿਆ, ਕਿ ਇਹ ਲੋਕ ਬੀਰਬਲ ਨਾਲ ਦਿਲੋਂ ਖਾਰ ਖਾਂਦੇ ਹਨ।ਉਸ ਵੇਲੇ ਦੂਰ ਸਾਰੇ ਇਕ ਉਠਾਂ ਦੀ ਕਤਾਰ ਜਾ ਰਹੀ ਸੀ। ਅਕਬਰ ਨੇ ਵਾਰੋ ਵਾਰੀ ਮੁਲਾਂ ਦੋ ਪਿਆਜ਼ਾ ਤੇ ਬੀਰਬਲ ਨੂੰ ਭੇਜਿਆ ਕਿ ਪਤਾ ਕਰ ਆਉਣ, ਉਠਾਂ ਤੇ ਕੀ ਲੱਦਿਆ ਹੋਇਆ ਹੈ? ਜਦ ਦੋਵੇਂ ਵਾਪਿਸ ਆਏ, ਤਾਂ ਪਹਿਲਾਂ ਮੁਲਾਂ ਨੇ ਅਕਬਰ ਨੂੰ ਦੱਸਿਆ, ਕਿ ਜਨਾਬ ਉਠਾਂ ਤੇ ਰੂੰ ਲੱਦੀ ਹੋਈ ਹੈ। ਬਾਦਸ਼ਾਹ ਨੇ ਪੁੱਛਿਆ – "ਉਠ ਕਿਥੇ ਜਾ ਰਹੇ ਹਨ ਤੇ ਕਿਥੋਂ ਆਏ ਹਨ?" ਮੁਲਾਂ – "ਹਜ਼ੂਰ! ਇਹ ਕੁਝ ਪੁੱਛਣ ਲਈ ਤਾਂ ਤੁਸੀਂ ਕਿਹਾ ਹੀ ਨਹੀਂ ਸੀ"। ਫਿਰ ਬੀਰਬਲ ਦੀ ਵਾਰੀ ਆਈ। ਬੀਰਬਲ ਕਹਿਣ ਲੱਗਾ – "ਸਰਕਾਰ, ਕੁਲ ਬਾਰਾਂ ਉਠ ਹਨ ਤੇ ਤਿੰਨ ਉਠ ਬਾਨ। ਛਟਯਹ, ਘਸ਼ਣਙ, ਓਵਢਫ।

ਮਥਰਾ ਤੋਂ ਉਠ ਆਗਰੇ ਰੂੰ ਵੇਚਣ ਜਾ ਰਹੇ ਹਨ। ਅਜ ਰਾਤ ਨੂੰ ਟਿਕਾਣੇ ਜਾ ਪੁੱਜਣਗੇ ਤੇ ਕਲ ਵੇਚ ਕੇ ਘਰ ਪਰਤ ਜਾਣਗੇ। ਇਸ ਤਰ੍ਹਾਂ ਕਰਨ ਨਾਲ ਇਨ੍ਹਾਂ ਤਿੰਨਾਂ ਭਰਾਵਾਂ ਨੂੰ ਸੌ ਰੁਪਿਆ ਇਕ ਫੇਰਾ ਬਚ ਜਾਂਦਾ ਹੈ। ਤੇ ਮਹੀਨੇ ਵਿਚ ਤਿੰਨ ਫੇਰੇ ਇਹ ਕਰਦੇ ਹਨ। ਬਾਦਸ਼ਾਹ ਇਹ ਉੱਤਰ ਸੁਣ ਕੇ ਬੜਾ ਪ੍ਰਸੰਨ ਹੋਇਆ ਤੇ ਫਿਰ ਸਾਰੇ ਦਰਬਾਰੀਆ ਸਾਹਮਣੇ ਉਸ ਨੇ ਇਕ ਲਕੀਰ ਖਿੱਚੀ ਤੇ ਕਹਿਣ ਲੱਗਾ ਇਸ ਲਾਈਨ ਨੂੰ ਹਥ ਨਾ ਲਾਇਓ ਪਰ ਇਸ ਨੂੰ ਛੋਟੀ ਕਰ ਕੇ ਵਿਖਾਓ। ਸਾਰੇ ਸੋਚੀਂ ਪੈ ਗਏ ਤੇ ਉੱਤਰ ਕਿਸੇ ਨੂੰ ਅਹੁੜੇ ਹੀ ਨਾ। ਬਾਦਸ਼ਾਹ ਨੇ ਬੀਰਬਲ ਵੱਲ ਇਸ਼ਾਰਾ ਕੀਤਾ। ਬੀਰਬਲ ਨੇ ਉਸ ਲਕੀਰ ਦੇ ਸਾਹਮਣੇ ਇਕ ਵੱਡੀ ਲਕੀਰ ਪਾ ਦਿੱਤੀ ਤੇ ਬਾਦਸ਼ਾਹ ਨੂੰ ਕਹਿਣ ਲੱਗਾ ਜਨਾਬ ਹੁਣ ਵੇਖੋ ਆਪ ਵਾਲੀ ਲਕੀਰ ਛੋਟੀ ਹੋ ਗਈ ਹੈ। ਇੱਕ ਰਾਜਾ ਅਤੇ ਉਸਦੀਆ ਦੋ ਰਾਣੀਆ ਦੂਰ ਕਿਸੇ ਦੇਸ਼ ਵਿੱਚ ਇੱਕ ਰਾਜ ਸੀ ਕਮਲਾਪੁਰੀ। ਕਮਲਾਪੁਰੀ ਦੇ

ਰਾਜੇ ਦੀ ਦੋ ਰਾਣੀਆ ਸਨ। ਦੋਨੋਂ ਹੀ ਬਹੁਤ ਸੁੰਦਰ ਸਨ। ਮਗਰ ਦੁਰਭਾਗਵਸ਼ ਵੱਡੀ ਰਾਣੀ ਦੇ ਬਸ ਇੱਕ ਹੀ ਬਾਲ ਸੀ ਅਤੇ ਛੋਟੀ ਰਾਣੀ ਦੇ ਦੋ। ਵੱਡੀ ਰਾਣੀ ਬਹੁਤ ਭੋਲੀ ਸੀ ਅਤੇ ਛੋਟੀ ਰਾਣੀ ਨੂੰ ਫੁੱਟੀ ਅੱਖ ਨਹੀਂ ਸੁਹਾਂਦੀ ਸੀ। ਇੱਕ ਦਿਨ ਛੋਟੀ ਰਾਣੀ ਨੇ ਵੱਡੀ ਰਾਣੀ ਨੂੰ ਕਿਹਾ ਵੱਡੀ ਦੀਦੀ ਤੁਹਾਡੇ ਸਿਰ ਤੇ ਮੈਨੂੰ ਇੱਕ ਧੌਲਾ ਵਾਲ ਵਿਖਾਈ ਦੇ ਰਿਹਾ ਹੈ ਲਿਆ ਉਸਨੂੰ ਕੱਢ ਦੇਵਾਂ। ਵੱਡੀ ਰਾਣੀ ਨੇ ਕਿਹਾ ਮਗਰ ਮੇਰੇ ਤਾਂ ਸਿਰਫ਼ ਇੱਕ ਹੀ ਵਾਲ ਹੈਂ ਕੀ ਉਹ ਵੀ ਸਫੈਦ ਹੋ ਗਿਆ ? ਛੋਟੀ ਰਾਣੀ ਨੇ ਝੂਠ ਮੂਠ ਦਾ ਗੁੱਸਾ ਵਖਾਇਆ ਅਤੇ ਬੋਲੀ ਠੀਕ ਹੈ ਜੇਕਰ ਮੇਰੇ ਤੇ ਵਿਸ਼ਵਾਸ ਨਹੀਂ ਤਾਂ ਮੇਰੇ ਨਾਲ ਗੱਲ ਕਰਨ ਦੀ ਵੀ ਜ਼ਰੂਰਤ ਨਹੀਂ।

ਮੈਂ ਤਾਂ ਤੁਹਾਡੇ ਭਲੇ ਲਈ ਹੀ ਕਹਿ ਰਹੀ ਸੀ। ਭੋਲੀ ਭਾਲੀ ਵੱਡੀ ਰਾਣੀ ਛੋਟੀ ਰਾਣੀ ਦੀਆ ਗੱਲਾਂ ਵਿੱਚ ਆ ਗਈ ਅਤੇ ਛੋਟੀ ਰਾਣੀ ਨੇ ਉਸਦਾ ਉਹ ਇੱਕ ਬਾਲ ਚਿਮਟੀ ਨਾਲ ਖਿੱਚ ਕਰ ਕੱਢ ਦਿੱਤਾ। ਵੱਡੀ ਰਾਣੀ ਦੇ ਹੁਣ ਕੋਈ ਬਾਲ ਬਾਕੀ ਨਾ ਰਿਹਾ। ਰਾਜਾ ਨੇ ਜਦੋਂ ਇਹ ਵੇਖਿਆ ਤਾਂ ਬਹੁਤ ਨਾਰਾਜ਼ ਹੋਇਆ ਅਤੇ ਬਿਨਾਂ ਕੁੱਝ ਕਹੇ ਸੁਣੇ ਵੱਡੀ ਰਾਣੀ ਨੂੰ ਘਰੋਂ ਕੱਢ ਦਿੱਤਾ। ਵੱਡੀ ਰਾਣੀ ਰੋਂਦੇ ਰੋਂਦੇ ਰਾਜ ਤੋਂ ਬਾਹਰ ਚੱਲੀ ਗਈ। ਇੱਕ ਨਦੀ ਦੇ ਕਿਨਾਰੇ ਅਨਾਰ ਦੇ ਦਰਖਤ ਦੇ ਹੇਠਾਂ ਬੈਠ ਕੇ ਉਹ ਜ਼ੋਰ ਜ਼ੋਰ ਨਾਲ ਰੋ ਰਹੀ ਸੀ ਕਿ ਉਦੋਂ ਇੱਕ ਬਿੱਤੇ ਭਰ ਦੀ ਬਹੁਤ ਸੁੰਦਰ ਪਰੀ ਜ਼ਾਹਰ ਹੋਈ। ਉਸ ਪਰੀ ਨੇ ਰਾਣੀ ਤੋਂ ਉਸਦੇ ਰੋਣ ਦਾ ਕਾਰਨ ਪੁੱਛਿਆ। ਵੱਡੀ ਰਾਣੀ ਨੇ ਸਭ ਕੁੱਝ ਸੱਚ ਸੱਚ ਦੱਸ ਦਿੱਤਾ। ਤੱਦ ਪਰੀ ਬੋਲੀ ਠੀਕ ਹੈ ਮੈਂ ਜਿਵੇਂ ਕਹਿੰਦੀ ਹਾਂ ਉਵੇਂ ਹੀ ਕਰ ਨਾ ਜ਼ਿਆਦਾ ਨਾ ਘੱਟ। ਪਹਿਲਾਂ ਇਸ ਨਦੀ ਵਿੱਚ ਤਿੰਨ ਵਾਰ ਡੁਬਕੀ ਲਗਾਓ ਅਤੇ ਫਿਰ ਇਸ ਅਨਾਰ ਦੇ ਦਰਖਤ ਤੋਂ ਇੱਕ ਅਨਾਰ ਤੋੜੋ।

ਅਤੇ ਅਜਿਹਾ ਕਹਿ ਕੇ ਪਰੀ ਗਾਇਬ ਹੋ ਗਈ। ਵੱਡੀ ਰਾਣੀ ਨੇ ਉਵੇਂ ਹੀ ਕੀਤਾ ਜਿਵੇਂ ਕਿ ਪਰੀ ਨੇ ਕਿਹਾ ਸੀ। ਜਦੋਂ ਰਾਣੀ ਨੇ ਪਹਿਲੀ ਡੁਬਕੀ ਲਗਾਈ ਤਾਂ ਉਸਦੇ ਸਰੀਰ ਦਾ ਰੰਗ ਹੋਰ ਸਾਫ਼ ਹੋ ਗਿਆ ਹੁਸਨ ਹੋਰ ਨਿੱਖਰ ਗਿਆ। ਦੂਜੀ ਡੁਬਕੀ ਲਗਾਉਣ ਤੇ ਉਸਦੇ ਸਰੀਰ ਤੇ ਸੁੰਦਰ ਕੱਪੜੇ ਅਤੇ ਜ਼ੇਵਰ ਆ ਗਏ। ਤੀਜੀ ਡੁਬਕੀ ਲਗਾਉਣ ਤੇ ਰਾਣੀ ਦੇ ਸੁੰਦਰ ਲੰਬੇ ਕਾਲੇ ਘਣੇ ਬਾਲ ਆ ਗਏ। ਇਸ ਤਰ੍ਹਾਂ ਰਾਣੀ ਬਹੁਤ ਸੁੰਦਰ ਲੱਗਣ ਲੱਗੀ। ਨਦੀ ਤੋਂ ਬਾਹਰ ਨਿਕਲ ਕੇ ਰਾਣੀ ਨੇ ਪਰੀ ਦੇ ਕਹੇ ਅਨੁਸਾਰ ਅਨਾਰ ਦੇ ਦਰਖਤ ਤੋਂ ਇੱਕ ਅਨਾਰ ਤੋੜਿਆ। ਉਸ ਅਨਾਰ ਦੇ ਸਾਰੇ ਬੀਜ ਫੌਜੀ ਬਣ ਕੇ ਫੁੱਟ ਆਏ ਅਤੇ ਰਾਣੀ ਲਈ ਇੱਕ ਤਿਆਰ

ਪਾਲਕੀ ਵਿੱਚ ਉਸਨੂੰ ਬਿਠਾ ਕੇ ਰਾਜ ਵਿੱਚ ਵਾਪਸ ਲੈ ਗਏ। ਰਾਜ ਮਹਿਲ ਦੇ ਬਾਹਰ ਰੌਲਾ ਸੁਣ ਕਰ ਰਾਜੇ ਨੇ ਅਪਣੇ ਮੰਤਰੀ ਤੋਂ ਪਤਾ ਕਰਨ ਕਿਹਾ ਕਿ ਕੀ ਗੱਲ ਹੈ। ਮੰਤਰੀ ਨੇ ਆਕੇ ਖ਼ਬਰ ਦਿੱਤੀ ਕਿ ਵੱਡੀ ਰਾਣੀ ਦਾ ਜੁਲੂਸ ਨਿਕਲਿਆ ਹੈ। ਰਾਜਾ ਨੇ ਤੱਦ ਵੱਡੀ ਰਾਣੀ ਨੂੰ ਮਹਲ ਵਿੱਚ ਸੱਦ ਕੇ ਸਾਰੀ ਕਹਾਣੀ ਸੁਣੀ ਅਤੇ ਪਛਤਾਉਂਦੇ ਹੋਏ ਇਸ ਵਾਰ ਛੋਟੀ ਰਾਣੀ ਨੂੰ ਰਾਜ ਤੋਂ ਬਾਹਰ ਨਿਕਲ ਜਾਣ ਦਾ ਆਦੇਸ਼ ਦਿੱਤਾ।

ਛੋਟੀ ਰਾਣੀ ਨੇ ਪਹਿਲਾਂ ਹੀ ਪਰੀ ਦੀ ਸਾਰੀ ਕਹਾਣੀ ਸੁਣ ਲਈ ਸੀ। ਉਹ ਵੀ ਰਾਜ ਤੋਂ ਬਾਹਰ ਜਾ ਕੇ ਅਨਾਰ ਦੇ ਦਰਖਤ ਦੇ ਹੇਠਾਂ ਨਦੀ ਕਿਨਾਰੇ ਜਾ ਕੇ ਰੋਣ ਲੱਗੀ। ਪਿੱਛਲੀ ਵਾਰ ਵਾਂਗ ਹੀ ਇਸ ਵਾਰ ਵੀ ਪਰੀ ਜ਼ਾਹਰ ਹੋਈ। ਪਰੀ ਨੇ ਛੋਟੀ ਰਾਣੀ ਨੂੰ ਵੀ ਉਸਦੇ ਰੋਣ ਦਾ ਕਾਰਨ ਪੁੱਛਿਆ। ਛੋਟੀ ਰਾਣੀ ਨੇ ਝੂਠ ਮੂਠ ਵੱਡੀ ਰਾਣੀ ਦੇ ਉੱਤੇ ਦੋਸ਼ ਲਗਾਇਆ ਅਤੇ ਕਿਹਾ ਕਿ ਉਸਨੂੰ ਵੱਡੀ ਰਾਣੀ ਨੇ ਮਹਲ ਤੋਂ ਬਾਹਰ ਕੱਢ ਦਿੱਤਾ ਹੈ। ਤੱਦ ਪਰੀ ਬੋਲੀ ਠੀਕ ਹੈ ਮੈਂ ਜਿਵੇਂ ਕਹਿੰਦੀ ਹਾਂ ਉਵੇਂ ਹੀ ਕਰੋ ਨਾ ਜ਼ਿਆਦਾ ਨਾ ਘੱਟ। ਪਹਿਲਾਂ ਇਸ ਨਦੀ ਵਿੱਚ ਤਿੰਨ ਵਾਰ ਡੁਬਕੀ ਲਗਾ ਅਤੇ ਫਿਰ ਇਸ ਅਨਾਰ ਦੇ ਦਰਖਤ ਤੋਂ ਇੱਕ ਅਨਾਰ ਤੋੜ। ਅਤੇ ਅਜਿਹਾ ਕਹਿ ਕੇ ਪਰੀ ਗਾਇਬ ਹੋ ਗਈ।

ਛੋਟੀ ਰਾਣੀ ਨੇ ਖ਼ੁਸ਼ ਹੋ ਕੇ ਨਦੀ ਵਿੱਚ ਡੁਬਕੀ ਲਗਾਈ। ਜਦੋਂ ਰਾਣੀ ਨੇ ਪਹਿਲੀ ਡੁਬਕੀ ਲਗਾਈ ਤਾਂ ਉਸਦੇ ਸਰੀਰ ਦਾ ਰੰਗ ਹੋਰ ਸਾਫ਼ ਹੋ ਗਿਆ ਹੁਸਨ ਹੋਰ ਨਿੱਖਰ ਆਇਆ। ਦੂਜੀ ਡੁਬਕੀ ਲਗਾਉਣ ਤੇ ਉਸਦੇ ਸਰੀਰ ਤੇ ਸੁੰਦਰ ਕੱਪੜੇ ਅਤੇ ਜ਼ੇਵਰ ਆ ਗਏ। ਤੀਜੀ ਡੁਬਕੀ ਲਗਾਉਣ ਤੇ ਰਾਣੀ ਦੇ ਸੁੰਦਰ ਲੰਬੇ ਕਾਲੇ ਘਣ ਬਾਲ ਆ ਗਏ। ਇਸ ਤਰ੍ਹਾਂ ਰਾਣੀ ਬਹੁਤ ਸੁੰਦਰ ਲੱਗਣ ਲੱਗੀ। ਜਦੋਂ ਛੋਟੀ ਰਾਣੀ ਨੇ ਇਹ ਵੇਖਿਆ ਤਾਂ ਉਸਨੂੰ ਲਗਾ ਕਿ ਜੇਕਰ ਉਹ ਤਿੰਨ ਡੁਬਕੀ ਲਗਾਉਣ ਪਰ ਇੰਨੀ ਸੁੰਦਰ ਬਣ ਸਕਦੀ ਹੈ ਤਾਂ ਹੋਰ ਡੁਬਕੀਆ□ਲਗਾਉਣ ਤੇ ਜਾਣ ਕਿੰਨੀ ਸੁੰਦਰ ਲੱਗੇਗੀ। ਇਸ ਲਈ ਉਸਨੇ ਇੱਕ ਦੇ ਬਾਅਦ ਇੱਕ ਕਈ ਡੁਬਕੀਆ□ਲਗਾ ਲਈਆ□। ਮਗਰ ਉਸਦਾ ਅਜਿਹਾ ਕਰਨ ਦੀ ਦੇਰ ਸੀ ਕਿ ਰਾਣੀ ਦੇ ਸਰੀਰ ਦੇ ਸਾਰੇ ਕੱਪੜੇ ਫਟੇ ਪੁਰਾਣੇ ਹੋ ਗਏ ਜ਼ੇਵਰ ਗਾਇਬ ਹੋ ਗਏ ਸਿਰ ਤੋਂ ਬਾਲ ਚਲੇ ਗਏ ਅਤੇ ਸਾਰੇ ਸਰੀਰ ਤੇ ਦਾਗ ਅਤੇ ਮੱਸੇ ਵਿੱਖਣ ਲੱਗੇ। ਛੋਟੀ ਰਾਣੀ ਅਜਿਹਾ ਵੇਖ ਕੇ ਦਹਥੜ ਮਾਰ ਮਾਰ ਕਰ ਰੋਣ ਲੱਗੀ। ਫਿਰ ਉਹ ਨਦੀ ਤੋਂ ਬਾਹਰ ਆਈ ਅਤੇ ਅਨਾਰ ਦੇ ਦਰਖਤ ਤੋਂ ਇੱਕ ਅਨਾਰ ਤੋੜਿਆ। ਉਸ ਅਨਾਰ ਵਿੱਚੋਂ ਇੱਕ ਵੱਡਾ ਸਾਰਾ ਸੱਪ ਨਿਕਲਿਆ ਅਤੇ ਰਾਣੀ ਨੂੰ ਖਾ ਗਿਆ।